**Series : WXYZ/S**

**SET ~ 4**

Roll No.

| | | | | | | | |
|---|---|---|---|---|---|---|---|
| | | | | | | | |

Q.P. Code **4/S**

Candidates must write the Q.P. Code on the title page of the answer-book.

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* | *ਪੂਰਨ ਅੰਕ : **80***

*Time allowed : **3** hours* | *Maximum Marks : **80***

**ਨੋਟ / NOTE** #

(I) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **7** ਪੰਨੇ ਹਨ ।
Please check that this question paper contains **7** printed pages.

(II) ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
Q.P. Code given on the right hand side of the question paper should be written on the title page of the answer-book by the candidate.

(III) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **12** ਪ੍ਰਸ਼ਨ ਹਨ ।
Please check that this question paper contains **12** questions.

(IV) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
**Please write down the Serial Number of the question in the answer-book at the given place before attempting it.**

(V) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।
15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the candidates will read the question paper only and will not write any answer on the answer-book during this period.

***General Instructions :***

*Question paper is divided into four parts.*
*It has total 12 questions.*
***Part-I** : 1 Question no. 1*
***Part-II** : 2 Questions no. 2 and 3*
***Part-III** : 2 Questions no. 4 and 5*
***Part-IV** : 7 Questions no. 6 to 12*
*Attempt questions as per specific instructions.*
*Write question no. in answer-book before attempting it.*

***ਸਾਧਾਰਨ ਨਿਰਦੇਸ਼ :***

*ਪ੍ਰਸ਼ਨ ਪੱਤਰ ਵਿੱਚ ਕੁੱਲ ਚਾਰ ਭਾਗ ਹਨ ।*
*ਇਸ ਵਿੱਚ ਕੁੱਲ 12 ਪ੍ਰਸ਼ਨ ਹਨ ।*
***ਭਾਗ-I** : 1 ਪ੍ਰਸ਼ਨ ਨੰ. 1*
***ਭਾਗ-II** : 2 ਪ੍ਰਸ਼ਨ ਨੰ. 2 ਅਤੇ 3*
***ਭਾਗ-III** : 2 ਪ੍ਰਸ਼ਨ ਨੰ. 4 ਅਤੇ 5*
***ਭਾਗ-IV** : 7 ਪ੍ਰਸ਼ਨ ਨੰ. 6 ਤੋਂ 12 ਤੱਕ*

## ਭਾਗ-I : ਪੜ੍ਹਨ-ਕੌਸ਼ਲ
## PART-I : Reading Skills *8*

**1.** ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *8×1=8*

ਵਿਦਿਆਰਥੀ ਜੀਵਨ ਮਨੁੱਖ ਦੇ ਜੀਵਨ ਦਾ ਕੀਮਤੀ ਭਾਗ ਹੈ, ਜਿਸ ਉੱਪਰ ਆਉਣ ਵਾਲੀ ਜ਼ਿੰਦਗੀ ਦਾ ਮਹੱਲ ਉਸਾਰਿਆ ਜਾਂਦਾ ਹੈ । ਜਿੰਨਾ ਕੋਈ ਇਸ ਨੀਂਹ ਨੂੰ ਪੱਕਾ ਕਰ ਲੈਂਦਾ ਹੈ, ਓਨਾ ਹੀ ਉਹ ਆਪਣਾ ਜੀਵਨ ਤਰੱਕੀ ਦੀਆਂ ਲੀਹਾਂ 'ਤੇ ਪਾ ਕੇ ਸੁਆਰ ਲੈਂਦਾ ਹੈ । ਬਹੁਤ ਸਾਰੇ ਵਿਦਿਆਰਥੀ ਇਸ ਜੀਵਨ ਨੂੰ ਮੌਜ-ਮਸਤੀ, ਐਸ਼-ਪ੍ਰਸਤੀ ਤੇ ਖੇਡਣ ਦਾ ਸਮਾਂ ਸਮਝ ਕੇ ਵਿਅਰਥ ਗੁਆ ਦਿੰਦੇ ਹਨ । ਇਸ ਲਾਪਰਵਾਹੀ ਲਈ ਉਨ੍ਹਾਂ ਨੂੰ ਬਾਅਦ ਵਿੱਚ ਪਛਤਾਉਣਾ ਪੈਂਦਾ ਹੈ, ਜਿਵੇਂ ਲੰਘ ਗਿਆ ਪਾਣੀ ਦੁਬਾਰਾ ਉਸ ਰਾਹ ਨਹੀਂ ਆਉਂਦਾ ਉਸੇ ਤਰ੍ਹਾਂ ਬੀਤ ਚੁੱਕਾ ਸਮਾਂ ਦੁਬਾਰਾ ਹੱਥ ਨਹੀਂ ਆਉਂਦਾ । ਫਿਰ ਉਹ ਲਾਪਰਵਾਹ ਵਿਦਿਆਰਥੀ ਸੱਖਣੇ ਹੱਥ ਰਹਿ ਜਾਂਦੇ ਹਨ । ਵਿਦਿਆਰਥੀ ਦਾ ਸਭ ਤੋਂ ਵੱਡਾ ਫਰਜ਼ ਵਿੱਦਿਆ ਹਾਸਲ ਕਰਨਾ ਹੁੰਦਾ ਹੈ । ਉਹ ਵਿੱਦਿਆ ਪ੍ਰਾਪਤੀ ਲਈ ਹੀ ਸਕੂਲ, ਕਾਲਜ ਵਿੱਚ ਆਉਂਦਾ ਹੈ । ਦੂਜੇ ਪਾਸੇ ਨਿਰਾ ਕਿਤਾਬੀ ਕੀੜਾ ਬਣ ਜਾਣਾ ਵੀ ਪੜ੍ਹਾਈ ਦਾ ਮਨੋਰਥ ਨਹੀਂ । ਵਿੱਦਿਆ ਦਾ ਮਨੋਰਥ ਸਿਰਫ਼ ਦਿਮਾਗੀ ਵਿਕਾਸ ਹੀ ਨਹੀਂ ਸਗੋਂ ਮਨੁੱਖ ਦਾ ਸਮੁੱਚਾ ਵਿਕਾਸ ਹੈ । ਇਸ ਲਈ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਦਿਮਾਗੀ ਵਿਕਾਸ ਦੇ ਨਾਲ-ਨਾਲ ਆਪਣੇ ਸਰੀਰ ਤੇ ਆਤਮਾ ਨੂੰ ਵੀ ਵਿਕਸਿਤ ਕਰੇ । ਜਿੰਨ੍ਹਾ ਕੋਈ ਵਿਦਿਆਰਥੀ ਇਸ ਸਮੇਂ ਵਿੱਚ ਆਪਣੀ ਸਖਸ਼ੀਅਤ ਨੂੰ ਵਧੇਰੇ ਨਿਖਾਰ ਲਵੇਗਾ, ਉਨਾਂ ਹੀ ਵੱਧ ਸਤਿਕਾਰ ਉਹ ਸਮਾਜ ਵਿੱਚ ਪਾ ਲਵੇਗਾ।

(i) ਵਿਦਿਆਰਥੀ ਜੀਵਨ ਕੀ ਹੈ ?

(A) ਜੀਵਨ ਦੀ ਨੀਂਹ

(B) ਅਸਲ ਜੀਵਨ

(C) ਜੀਵਨ ਦਾ ਆਸਰਾ

(D) ਸੁਨਹਿਰੀ ਕਾਲ

(ii) ਜਿਹੜੇ ਵਿਦਿਆਰਥੀ ਇਸ ਸਮੇਂ ਨੂੰ ਮੌਜ-ਮਸਤੀ ਦਾ ਸਮਾਂ ਸਮਝਦੇ ਹਨ, ਉਹਨਾਂ ਨਾਲ ਕੀ ਵਰਤਦਾ ਹੈ ?

(A) ਖੁਸ਼ ਮਿਜਾਜ ਬਣ ਜਾਂਦੇ ਹਨ

(B) ਸੱਖਣੇ ਹੱਥੀਂ ਰਹਿ ਜਾਂਦੇ ਹਨ

(C) ਸਫ਼ਲ ਇਨਸਾਨ ਬਣ ਜਾਂਦੇ ਹਨ

(D) ਅਮੀਰ ਹੋ ਜਾਂਦੇ ਹਨ

(iii) ਵਿਦਿਆਰਥੀਆਂ ਨੂੰ ਪਛਤਾਉਣਾ ਕਿਉਂ ਪੈਂਦਾ ਹੈ ?

(A) ਚੰਗੇ ਅੰਕ ਨਾ ਆਉਣ ਕਰਕੇ

(B) ਪਿੱਛੇ ਰਹਿ ਜਾਣ ਕਰਕੇ

(C) ਲੰਘ ਗਿਆ ਸਮਾਂ ਵਾਪਸ ਨਾ ਆਉਣ ਕਰਕੇ

(D) ਵਿਦਿਆਰਥੀ ਜੀਵਨ ਵਿੱਚ ਮੌਜ-ਮਸਤੀ ਨਾ ਕਰਨ ਕਰਕੇ

(iv) ਵਿਦਿਆਰਥੀ ਦਾ ਸਭ ਤੋਂ ਵੱਡਾ ਫਰਜ਼ ਕੀ ਹੈ ?

(A) ਵੱਡਿਆਂ ਦਾ ਆਦਰ ਕਰਨਾ

(B) ਅਧਿਆਪਕਾਂ ਦਾ ਆਦਰ ਕਰਨਾ

(C) ਪੜ੍ਹਨ ਲਈ ਜਾਣਾ

(D) ਵਿੱਦਿਆ ਹਾਸਲ ਕਰਨਾ

(v) ਵਿਦਿਆ ਦਾ ਮਨੋਰਥ ਕੀ ਹੈ ?

(A) ਮਨੁੱਖ ਨੂੰ ਹੁਸ਼ਿਆਰ ਬਣਾਉਣਾ

(B) ਡਿਗਰੀ ਹਾਸਿਲ ਕਰਨਾ

(C) ਚੰਗਾ ਮਾਰਗ ਦਿਖਾਉਣਾ

(D) ਵਿਦਿਆਰਥੀ ਦਾ ਸਰਬ-ਪੱਖੀ ਵਿਕਾਸ ਕਰਨਾ

(vi) ਇਸ ਪੈਰੇ ਅਨੁਸਾਰ ਵਿਦਿਆਰਥੀ ਨੂੰ ਬੌਧਿਕ ਵਿਕਾਸ ਦੇ ਨਾਲ-ਨਾਲ ਕੀ ਕਰਨਾ ਚਾਹੀਦਾ ਹੈ ?

(A) ਚੰਗੇ ਸ਼ੌਕ ਪਾਲਣੇ ਚਾਹੀਦੇ ਹਨ

(B) ਤਪ-ਸਾਧਨਾ ਕਰਨੀ ਚਾਹਿਦੀ ਹੈ

(C) ਸਰੀਰਕ ਤੇ ਆਤਮਿਕ ਵਿਕਾਸ

(D) ਰਾਜਨੀਤੀ ਵਿੱਚ ਹਿੱਸਾ ਲੈਣਾ ਚਾਹੀਦਾ ਹੈ

(vii) ਵਿਦਿਆਰਥੀ ਆਪਣੀ ਸਖਸ਼ੀਅਤ ਨੂੰ ਕਿਵੇਂ ਨਿਖਾਰ ਸਕਦਾ ਹੈ ?

(A) ਸਮੇਂ ਦੀ ਯੋਗ ਵਰਤੋਂ ਕਰਕੇ

(B) ਮੁਕਾਬਲਾ ਪ੍ਰੀਖਿਆ ਦੇ ਕੇ

(C) ਚੰਗੇ ਅੰਕ ਲੈ ਕੇ

(D) ਦੂਜਿਆਂ ਤੋਂ ਅੱਗੇ ਲੰਘ ਕੇ

(viii) ਉਪਰ ਲਿਖੇ ਪੈਰੇ ਦਾ ਢੁੱਕਵਾਂ ਸਿਰਲੇਖ ਹੈ :

(A) ਵਿਦਿਆਰਥੀ ਜੀਵਨ ਅਤੇ ਖੇਡਾਂ

(B) ਵਿਦਿਆਰਥੀ ਜੀਵਨ ਦੀ ਮਹਤੱਤਾ

(C) ਵਿੱਦਿਆ ਪ੍ਰਾਪਤੀ

(D) ਸਮਾਂ

## ਭਾਗ-II : ਪ੍ਰਭਾਵਸ਼ਾਲੀ ਲਿਖਣ-ਕੌਸ਼ਲ

## PART-II : Writing Skills *8+7=15*

**2.** (a) ਆਪਣੇ ਸ਼ਹਿਰ ਦੇ ਆਮਦਨ ਕਰ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿੱਚ ਤੁਹਾਡੇ ਵਲੋਂ ਵੱਧ ਜਮ੍ਹਾਂ ਕਰਵਾਇਆ ਗਿਆ ਟੈਕਸ ਵਾਪਸ ਕਰਨ ਦੀ ਬੇਨਤੀ ਕਰੋ । *8*

**ਜਾਂ (OR)**

(b) ਆਪਣੇ ਐੱਲ.ਪੀ.ਜੀ. ਕਨੈਕਸ਼ਨ ਨੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਬਦਲਵਾਉਣ ਲਈ ਏਜੰਸੀ ਦੇ ਪ੍ਰਬੰਧਕ ਜਾਂ ਮੈਨੇਜਰ ਨੂੰ ਪੱਤਰ ਲਿਖੋ ।

**3.** ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** *(any **one**)* ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ ਰਚਨਾ ਕਰੋ : *7*

(a) ਮਨਿ ਜੀਤੈ ਜਗੁ ਜੀਤੁ

**ਜਾਂ (OR)**

(b) ਸਮੇਂ ਦੀ ਕਦਰ

## ਭਾਗ-III : ਵਿਹਾਰਕ ਵਿਆਕਰਨ

## PART-III : Grammar *3+10=13*

**4.** **ਵਾਕ-ਵਟਾਂਦਰਾ**

ਹੇਠ ਲਿਖੇ ਵਾਕਾਂ ਵਿਚੋਂ ਕਿਸੇ ***ਤਿੰਨ*** *(any **three**)* ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ : *3×1=3*

(i) ਉਹ ਬਿਮਾਰ ਹੋਣ ਕਰਕੇ ਅੱਜ ਸਕੂਲ ਨਹੀਂ ਆਇਆ । (ਮਿਸ਼ਰਤ ਵਾਕ ਬਣਾਓ)

(ii) ਕੋਈ ਸੁਹਣਾ ਗੀਤ ਸੁਣਾਓ । (ਪ੍ਰਸ਼ਨਵਾਚਕ ਵਾਕ ਵਿੱਚ ਬਦਲੋ)

(iii) ਉਹ ਨਸ਼ਿਆਂ ਵਿੱਚ ਪੈ ਕੇ ਕੰਗਾਲ ਹੋ ਗਿਆ । (ਸੰਯੁਕਤ ਵਾਕ ਵਿੱਚ ਬਦਲੋ)

(iv) ਬੂਟਿਆਂ ਨੂੰ ਮਾਲੀ ਦੁਆਰਾ ਪਾਣੀ ਦਿੱਤਾ ਗਿਆ । (ਕਰਤਰੀ ਵਾਚ ਵਿੱਚ ਬਦਲੋ)

**5.** **ਅਖਾਣ/ਅਖਾਉਤਾਂ**

ਹੇਠ ਦਿੱਤੇ ਅਖਾਣਾਂ ਵਿਚੋਂ ਕਿਸੇ ***ਪੰਜ*** *(any **five**)* ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪੱਸ਼ਟ ਹੋ ਜਾਵੇ : *5×2=10*

(i) ਨਵਾਂ ਨੌ ਦਿਨ ਪੁਰਾਣਾ ਸੌ ਦਿਨ

(ii) ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ

(iii) ਕੋਹ ਨਾ ਚੱਲੀ ਬਾਬਾ ਤਿਹਾਈ

(iv) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ

(v) ਹੱਥ ਨੂੰ ਹੱਥ ਧੋਂਦਾ ਹੈ

(vi) ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ

## ਭਾਗ-IV : ਸਾਹਿਤ (ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ)

## PART–IV : Text-Book Based Questions *8+4+6+5+8+5+8=44*

**ਕਵਿਤਾਵਾਂ ਵਿੱਚੋਂ :**

**6.** ਹੇਠ ਲਿਖਿਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** *(any **one**)* ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *3+5=8*

(a) ਜਿਸ ਥਾਂਵੇਂ ਧਰਤੀ 'ਤੇ ਆਕੇ, ਇਹ ਮੁੱਠ ਡਿੱਗੀ ਸਾਰੀ ।
ਓਸ ਥਾਂਉਂ 'ਕਸ਼ਮੀਰ' ਬਣ ਗਿਆ, ਟੁਕੜੀ ਜੱਗ ਤੋਂ ਨਯਾਰੀ ।
ਹੈ ਧਰਤੀ ਪਰ 'ਛੁਹ ਅਸਮਾਨੀ', ਸੁੰਦਰਤਾ ਵਿੱਚ ਲਿਸ਼ਕੇ ।
ਧਰਤੀ ਦੇ ਰਸ, ਸ੍ਵਾਦ, ਨਜ਼ਾਰੇ, 'ਰਮਜ਼ ਅਰਸ਼' ਦੀ ਚਮਕੇ ।

**ਜਾਂ (OR)**

(b) ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ,
ਫੁੱਲਾਂ ਨਾਲ਼ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ ।
ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਣਗੇ,
ਚੰਨਾਂ ਦਿਆਂ ਚਿਹਰਿਆਂ 'ਚੋਂ ਚੰਨ ਮੁਸਕਾਣਗੇ ।
ਵਿਹੜੇ ਵਿੱਚ ਠਾਠਾਂ ਮਾਰੂ ਖੁਸ਼ੀ ਸੰਸਾਰ ਦੀ,
ਚੁੰਮ ਚੁੰਮ ਰੱਖੋ.....

**7.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *4×1=4*

(i) ਗੀਤ ਵਿੱਚ ਕਵੀ ਭੱਠੀ ਵਾਲੀ ਨੂੰ ਕਿਹੜਾ ਪਰਾਗਾ ਭੁੰਨ ਕੇ ਦੇਣ ਲਈ ਆਖਦਾ ਹੈ ?

(A) ਬਾਜਰੇ ਦਾ (B) ਮੱਕੀ ਦਾ
(C) ਹੰਝੂਆਂ ਦਾ (D) ਪੀੜਾਂ ਦਾ

(ii) ਵਾਰਸ ਸ਼ਾਹ ਕਵਿਤਾ ਅਨੁਸਾਰ ਪੰਜਾਂ ਪਾਣੀਆਂ ਵਿੱਚ ਕਿਸੇ ਨੇ ਕੀ ਘੋਲ ਦਿੱਤਾ ਸੀ ?

(A) ਪਤਾਸੇ (B) ਮਿਸ਼ਰੀ
(C) ਕੁੜੱਤਣ (D) ਜ਼ਹਿਰ

(iii) ਮੇਰਾ ਬਚਪਨ ਕਵਿਤਾ ਵਿੱਚ ਮਾਂ ਨੂੰ ਪੁੱਤਰ ਦੇ ਕੀ ਹੋਣ ਦਾ ਇੰਤਜ਼ਾਰ ਹੈ ?

(A) ਸਿਆਣਾ (B) ਵਿਦਵਾਨ

(C) ਗੱਭਰੂ (D) ਤਾਕਤਵਰ

(iv) ਸਾਹਿਬਜ਼ਾਦਿਆਂ ਦੇ ਦਾਦਾ ਜੀ ਕੌਣ ਸਨ ? ਕਵਿਤਾ 'ਚੁੰਮ ਚੁੰਮ ਰੱਖੋ' ਅਨੁਸਾਰ ਦੱਸੋ ।

(A) ਸ੍ਰੀ ਗੁਰੂ ਅੰਗਦ ਦੇਵ ਜੀ

(B) ਸ੍ਰੀ ਗੁਰੂ ਤੇਗ ਬਹਾਦਰ ਜੀ

(C) ਸ੍ਰੀ ਗੁਰੂ ਅਰਜਨ ਦੇਵ ਜੀ

(D) ਸ੍ਰੀ ਗੁਰੂ ਰਾਮਦਾਸ ਜੀ

**ਕਹਾਣੀਆਂ ਵਿੱਚੋਂ :**

**8.** (a) ਸਾਂਝ ਕਹਾਣੀ ਦਾ ਵਿਸ਼ਾ-ਵਸਤੂ 125 – 150 ਸ਼ਬਦਾਂ ਵਿੱਚ ਲਿਖੋ । *6*

**ਜਾਂ (OR)**

(b) ਕਹਾਣੀ 'ਮਾੜਾ ਬੰਦਾ' ਦੇ ਲੇਖਕ ਦੀ ਪਤਨੀ ਦਾ ਪਾਤਰ ਚਿਤਰਨ ਕਰੋ ।

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) ਮਾੜਾ ਬੰਦਾ ਕਹਾਣੀ ਵਿੱਚ ਲੇਖਕ ਦੀ ਭੂਆ ਦਾ ਪੁੱਤਰ ਕਿਸ ਮਹਿਕਮੇ ਵਿੱਚ ਨੌਕਰੀ ਕਰਦਾ ਸੀ ?

(A) ਜੰਗਲਾਤ ਮਹਿਕਮੇ ਵਿੱਚ (B) ਰੇਲਵੇ ਵਿੱਚ

(C) ਫੌਜ ਵਿੱਚ (D) ਨਹਿਰੀ ਮਹਿਕਮੇ ਵਿੱਚ

(ii) ਸਾਂਝ ਕਹਾਣੀ ਵਿੱਚਲੇ ਪ੍ਰੋਫ਼ੈਸਰ ਐਮ.ਐੱਲ. ਮਲ੍ਹੋਤਰਾ ਦੇ ਪੁੱਤਰ ਦਾ ਕੀ ਨਾਂ ਆਇਆ ਹੈ ?

(A) ਗਨੇਸ਼ (B) ਦਿਨੇਸ਼

(C) ਰਮੇਸ਼ (D) ਰਾਜੇਸ਼

(iii) ਸਾਂਝ ਕਹਾਣੀ ਦਾ ਘਟਨਾ-ਕ੍ਰਮ ਕਿਹੜੇ ਦੇਸੀ ਮਹੀਨੇ ਵਿੱਚ ਵਾਪਰਿਆ ਦਰਸਾਇਆ ਗਿਆ ਹੈ ?

(A) ਵਿਸਾਖ (B) ਚੇਤਰ

(C) ਜੇਠ (D) ਹਾੜ੍ਹ

(iv) ਨੀਲੀ ਕਹਾਣੀ ਵਿੱਚ 'ਮੈਂ' ਪਾਤਰ ਕੌਣ ਹੈ ?

(A) ਗਵਾਲਾ (B) ਨੀਲੀ

(C) ਲੇਖਕ ਦੀ ਤ੍ਰੀਮਤ (D) ਕਹਾਣੀਕਾਰ

(v) ਜੀਤੋ ਦੇ ਵੀਰ ਦੀ ਕਿਹੜੇ ਘਮਸਾਣ ਵਿੱਚ ਮੱਤ ਮਾਰੀ ਗਈ ?

(A) ਚੋਣਾਂ ਵਿੱਚ (B) ਜੀਤੋ ਦੇ ਵਿਆਹ ਵਿੱਚ

(C) ਵਾਢੀਆਂ ਵਿੱਚ (D) ਕੁੜਮਾਈ ਵਿੱਚ

**10.** ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ***ਚਾਰ*** *(any **four**)* ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿਚ ਲਿਖੋ : *4×2=8*

(i) ਵੱਛੀ ਦੇ ਮਰਨ ਤੇ ਨੀਲੀ ਦੁੱਧ ਕਿਉਂ ਨਹੀਂ ਦੇ ਰਹੀ ਸੀ ?

(ii) ਜੀਤੋ ਦੇ ਵੀਰ ਦਾ ਗੱਚ ਕਿਉਂ ਭਰ ਆਇਆ ?

(iii) ਰਿਕਸ਼ੇ ਵਾਲੇ ਨੇ ਪੈਸੇ ਕਿਉਂ ਵਗਾਹ ਮਾਰੇ ?

(iv) ਪ੍ਰੋਫੈਸਰ, ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕਿਹੜੇ-ਕਿਹੜੇ ਕਾਰਨ ਸੋਚਦਾ ਹੈ ?

(v) ਜੀਤੋ ਦੀ ਸਹੇਲੀ ਨੇ ਜੀਤੋ ਦੇ ਵੀਰ ਨੂੰ ਰੋ ਕੇ ਕੀ ਕਿਹਾ ?

**ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ** *5+8=13*

**11.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) ਮੁੱਢਲੇ ਮਨੁੱਖ ਨੂੰ ਕਿਸ ਚੀਜ਼ ਦਾ ਡਰ ਵਧੇਰੇ ਸੀ ?
(A) ਜੰਗਲੀ ਜਾਨਵਰਾਂ ਦਾ (B) ਕੁਦਰਤੀ ਆਫਤਾਂ ਦਾ
(C) ਦੈਵੀ ਤਾਕਤਾਂ ਦਾ (D) ਮੌਸਮ ਦਾ

(ii) ਮਾਘੀ ਵਾਲੇ ਦਿਨ ਸੰਗਤਾਂ ਕਿਹੜੇ ਪਾਵਨ ਸਰੋਵਰ ਵਿੱਚ ਇਸ਼ਨਾਨ ਕਰਦੀਆਂ ਹਨ ?
(A) ਮੁਕਤਸਰ ਸਾਹਿਬ (B) ਅਨੰਦਪੁਰ ਸਾਹਿਬ
(C) ਹਜ਼ੂਰ ਸਾਹਿਬ (D) ਫਤਹਿਗੜ੍ਹ ਸਾਹਿਬ

(iii) ਕਿਹੜੇ ਦੇਸੀ ਮਹੀਨੇ ਤੋਂ ਨਵੇਂ ਵਰ੍ਹੇ ਦੀ ਸ਼ੁਰੂਆਤ ਹੁੰਦੀ ਹੈ ?
(A) ਵਿਸਾਖ (B) ਚੇਤਰ
(C) ਫੱਗਣ (D) ਅੱਸੂ

(iv) 'ਦੱਭ' ਕੀ ਹੁੰਦੀ ਹੈ ?
(A) ਕਣਕ ਦਾ ਸਿੱਟਾ (B) ਹਰਾ ਘਾਹ
(C) ਬਾਜਰੇ ਦਾ ਪੌਦਾ (D) ਹਰਾ ਪੱਤਾ

(v) 'ਕਿੱਕਲੀ' ਕਿਨ੍ਹਾਂ ਦਾ ਲੋਕ-ਨਾਚ ਹੈ ?
(A) ਮਰਦਾਂ ਦਾ (B) ਮੁੰਡਿਆਂ ਦਾ
(C) ਬਜ਼ੁਰਗਾਂ ਦਾ (D) ਛੋਟੀਆਂ ਕੁੜੀਆਂ ਦਾ

**12.** ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ***ਦੋ*** *(any **two**)* ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ : *2×4=8*

(i) ਮਨੁੱਖੀ ਜੀਵਨ ਵਿੱਚ ਰਸਮ-ਰਿਵਾਜ਼ਾਂ ਦਾ ਕੀ ਮਹੱਤਵ ਹੈ ?

(ii) ਪੰਜਾਬ ਦੀਆਂ ਲੋਕ-ਖੇਡਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜ਼ਰੂਰੀ ਹੈ, ਕਿਉਂ ?

(iii) ਪੰਜਾਬ ਵਿੱਚ ਬਦਲਦੀਆਂ ਪਰਿਸਥਿਤੀਆਂ ਅਨੁਸਾਰ ਲੋਕ-ਨਾਚਾਂ ਵਿੱਚ ਆਏ ਬਦਲਾਅ ਬਾਰੇ ਜਾਣਕਾਰੀ ਦਿਓ ।